# ਸੈਮੀਨਾਰ ਰਿਪੋਰਟ

## ਗੁਰੂ ਗੋਬਿੰਦ ਸਿੰਘ: ਮਾਨਵੀ ਪਛਾਣ ਦਾ ਗਲੋਬਲੀ ਪਰਿਪੇਖ

ਸ੍ਰੀ ਗੁਰੂ ਨਾਨਕ ਦੇਵ ਖਾਲਸਾ ਦੇਵ ਨਗਰ ਵਿਖੇ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼-ਉਤਸਵ ਨੂੰ ਸਮਰਪਿਤ ਇਕ ਰੋਜ਼ਾ ਸੈਮੀਨਾਰ ਦਾ ਆਯੋਜਨ 24 ਮਾਰਚ, 2017 ਨੂੰ ਕੀਤਾ ਗਿਆ। ਜਿਸ ਦਾ ਵਿਸ਼ਾ 'ਗੁਰੂ ਗੋਬਿੰਦ ਸਿੰਘ : ਮਾਨਵੀ ਪਛਾਣ ਦਾ ਗਲੋਬਲੀ ਪਰਿਪੇਖ'ਰਿਹਾ।ਇਸ ਸੈਮੀਨਾਰ ਵਿੱਚ ਦਿੱਲੀ ਤੇ ਪੰਜਾਬ ਦੀਆਂ ਯੂਨੀਵਰਸਿਟੀਆਂ ਤੋਂ ਵਿਦਵਾਨ ਵਕਤੇ ਸ਼ਾਮਿਲ ਹੋਏ।ਸਾਰੇ ਮਹਿਮਾਨਾਂ ਦਾ ਸਵਾਗਤ ਪ੍ਰਿੰਸੀਪਲ ਡਾ. ਮਨ ਮੋਹਨ ਕੌਰ ਨੇ ਫੁੱਲ ਤੇ ਦੁਸ਼ਾਲੇ ਦੇ ਕੇ ਕੀਤਾ।ਇਸ ਸੈਮੀਨਾਰ ਵਿੱਚ ਪੰਜਾਬੀ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਇਸ ਆਯੋਜਨ ਦੇ ਤਿੰਨ ਸੈਸ਼ਨ ਰਹੇ : ਪਹਿਲੇ ਸੈਸ਼ਨ ਦਾ ਅਰੰਭ ਦਿੱਲੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਮੁਖੀ ਪ੍ਰੋ. ਰਵੇਲ ਸਿੰਘ ਦੇ ਕੁੰਜੀਵਤ ਭਾਸ਼ਣ ਰਾਹੀ ਹੋਇਆ।ਜਿਨ੍ਹਾਂ ਨੇ ਸਿੱਖ ਧਰਮ ਦੇ ਧਾਰਮਕ ਤੋਂ ਕ੍ਰਾਂਤੀਕਾਰੀ ਬਦਲਾਵਾਂ ਦੀ ਚਰਚਾ ਕੀਤੀ।ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਡਾ. ਜਸਪਾਲ ਸਿੰਘ ਨੇ ਅਨੇਕ ਅਨੁਭਵਾਂ ਤੇ ਸ਼ੇਅਰੋ-ਸ਼ਾਇਰੀ ਰਾਹੀ ਗੁਰੂਜੀ ਦੀ ਬਹੁਪੱਖੀ ਸਖ਼ਸ਼ੀਅਤ ਉਤੇ ਰੋਸ਼ਨੀ ਪਾਈ।

ਦੂਜੇ ਸੈਸ਼ਨ ਦੀ ਪ੍ਰਧਾਨਗੀ ਪੰਜਾਬੀ ਯੂਨੀਵਰਸਿਟੀ ਦੇ ਪ੍ਰੋ. ਧਨਵੰਤ ਕੌਰ ਦੇ ਨਾਲ ਦਿੱਲੀ ਯੂਨੀਵਰਸਿਟੀ ਦੇ ਸਾਬਕਾ ਵਿਭਾਗ ਮੁਖੀ ਪ੍ਰੋ. ਮਨਜੀਤ ਸਿੰਘ ਨੇ ਕੀਤੀ।ਇਸ ਸੈਸ਼ਨ ਵਿੱਚ ਡਾ. ਬਲਕਾਰ ਸਿੰਘ ਨੇ 'ਗਲੋਬਲੀ ਪਰਿਪੇਖ' ਦੇ ਵਿਚਾਰਧਾਰਾਈ ਸੰਕਲਪ ਦੀ ਚਰਚਾ ਕੀਤੀ।ਉਨ੍ਹਾਂ ਅਨੁਸਾਰ, ਵਿਸ਼ਵ ਨਾਲੋਂ ਗਲੋਬਲੀ ਸ਼ਬਦ ਵਧੇਰੇ ਪਾਸਾਰ ਭਰਪੂਰ ਪ੍ਰਤੀਤ ਹੁੰਦਾ ਹੈ।ਗੁਰਮਤਿ ਕਾਲਜ ਦੇ ਪ੍ਰਿ. ਨਰਿੰਦਰਪਾਲ ਸਿੰਘ ਨੇ ਗੁਰੂਜੀ ਦੇ 'ਬੇਕਸਾ ਰ ਯਾਰ' ਸਰੂਪ ਨੂੰ ਉਨ੍ਹਾਂ ਦੇ ਜੀਵਨ ਵਿਚੋਂ ਕਈ ਉਦਾਹਰਣ ਦੇ ਕੇ ਪ੍ਰਗਟ ਕੀਤਾ।ਡਾ. ਜਸਪਾਲ ਕੌਰ ਨੇ ਗੁਰੂਜੀ ਰਚਿਤ 'ਜ਼ਫ਼ਰਨਾਮਾ' ਨੂੰ ਵਿਸ਼ਲੇਸ਼ਿਤ ਕੀਤਾ।

ਤੀਜੇ ਸੈਸ਼ਨ ਦੀ ਪ੍ਰਧਾਨਗੀ ਡਾ. ਹਰਬੰਸ ਕੌਰ ਸੱਗੂ ਨੇ ਕੀਤੀ। ਇਸ ਵਿੱਚ ਡਾ. ਵਨੀਤਾ ਨੇ ਗੁਰੂਜੀ ਦੇ 'ਸੰਤ ਸਿਪਾਹੀ' ਦੇ ਅਰਥਾਂ ਨੂੰ ਉਨ੍ਹਾਂ ਦੇ ਬਚਪਨ ਤੋਂ ਅਰੰਭ ਕਰਕੇ ਜੰਗਾਂ ਤਕ ਦਰਸਾਇਆ।ਪਟਿਆਲਾ ਤੋਂ ਆਏ ਡਾ. ਹੀਰਾ ਸਿੰਘ ਨੇ ਆਪਣੇ ਪੇਪਰ ਨੂੰ ਵਿਦਿਆਰਥੀਆਂ ਨਾਲ ਸੰਵਾਦ ਕਰਦੇ ਹੋਏ ਸਾਰਿਆਂ ਨਾਲ ਸਾਂਝਾ ਕੀਤਾ।ਇਸੇ ਸੈਸ਼ਨ ਵਿੱਚ ਖ਼ਾਲਸਾ ਕਾਲਜ ਦੀ ਹਿੰਦੀ ਵਿਭਾਗ ਦੀ ਡਾ. ਭੁਪਿੰਦਰ ਕੌਰ ਨੇ ਗੁਰੂਜੀ ਰਚਿਤ 'ਰਾਮਾਵਤਾਰ' ਦੀ ਚਰਚਾ ਕੀਤੀ ਤੇ ਸੈਮੀਨਾਰ ਦੀ ਕਨਵੀਨਰ ਡਾ. ਪਰਮਜੀਤ ਕੌਰ ਨੇ ਗੁਰੂਜੀ ਦੀ ਸਖ਼ਸ਼ੀਅਤ ਦੀ ਚਰਚਾ ਅਨੇਕ ਉਦਾਹਰਣਾਂ ਰਾਹੀ ਕੀਤੀ।

ਇਸ ਸੈਮੀਨਾਰ ਦਾ ਆਯੋਜਨ ਖ਼ਾਲਸਾ ਕਾਲਜ ਦੇ ਪੰਜਾਬੀ ਵਿਭਾਗ ਦੇ ਨਾਲ ਹਿਸਟਰੀ ਤੇ ਰਾਜਨੀਤੀ ਸ਼ਾਸਤਰ ਵਿਭਾਗ ਵੀ ਸ਼ਾਮਿਲ ਹੋਏ।ਇਸ ਅਧੀਨ ਗੁਰੂਜੀ ਦੀ ਬਹੁਪੱਖੀ ਸਖ਼ਸ਼ੀਅਤ ਦੇ ਵਿਭਿੰਨ ਪਹਿਲੂਆਂ ਉਤੇ ਚਰਚਾ ਕੀਤੀ ਗਈ।ਅੰਤ ਵਿੱਚ, ਕਾਲਜ ਦੇ ਪ੍ਰਿੰਸੀਪਲ ਡਾ. ਮਨ ਮੋਹਨ ਕੌਰ ਨੇ 'ਮਾਤਾ ਸੁੰਦਰੀਜੀ' ਨੂੰ ਯਾਦ ਕੀਤਾ ਤੇ ਕਿਹਾ ਕਿ, ਗੁਰੂਜੀ ਮਗਰੋਂ 40 ਵਰ੍ਹਿਆਂ ਤਕ ਉਨ੍ਹਾਂ ਨੇ ਸਿੱਖ ਕੌਮ ਦੀ ਅਗਵਾਈ ਕੀਤੀ, ਜੋ ਆਪਣੇ ਆਪ ਵਿੱਚ ਇਕ ਮਿਸਾਲ ਹੈ।

ਕੁੱਲ ਮਿਲਾ ਕੇ, ਵਿਦਵਾਨ ਵਕਤਿਆਂ ਰਾਹੀ ਵਿਦਿਆਰਥੀਆਂ ਤੇ ਹੋਰ ਸਰੋਤਿਆਂ ਨੂੰ ਗੁਰੂਜੀ ਦੇ ਜੀਵਨ ਤੇ ਵਿਚਾਰਧਾਰਾ ਸੰਬੰਧੀ ਨਵੀਂ ਸੋਚ ਤੇ ਸੇਧ ਮਿਲੀ।ਇਹ ਸੈਮੀਨਾਰ ਅਤਿਅੰਤ ਸਫਲ ਰਿਹਾ।--